# ਦਫ਼ਤਰ ਨਗਰ ਸੁਧਾਰ ਟਰੱਸਟ ਮੋਗਾ

## ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਸੁਧਾਰ ਟਰੱਸਟਾਂ ਵੱਲੋਂ ਅਲਾਟ ਕੀਤੀਆਂ ਜਾਇਦਾਦਾਂ ਜਿਨ੍ਹਾਂ ਦੀ ਅਲਾਟਮੈਂਟ ਪੱਤਰ ਅਨੁਸਾਰ ਬਕਾਇਆ ਰਹਿੰਦੀ ਰਕਮ ਅਲਾਟੀਆਂ ਵੱਲੋਂ ਮਿੱਥੇ ਸਮੇਂ ਦੇ ਅੰਦਰ ਜਮ੍ਹਾਂ ਨਹੀਂ ਕਰਵਾਈ ਗਈ, ਉਨ੍ਹਾਂ ਜਾਇਦਾਦਾਂ ਦੀ ਬਕਾਇਆ ਰਹਿੰਦੀ ਰਕਮ ਜਮ੍ਹਾਂ ਕਰਵਾਕੇ ਜਾਇਦਾਦਾਂ ਨੂੰ ਰੈਗੂਲਰਾਈਜ਼ ਕਰਵਾਉਣ ਲਈ one Time Relaxation Policy ਲਾਗੂ ਕੀਤੀ ਗਈ ਹੈ। ਅਲਾਟੀਆਂ ਦੀ ਮੰਗ ਅਤੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਮਾਮਲਿਆਂ ਨੂੰ ਵਿਚਾਰਣ ਉਪਰੰਤ ਹੇਠ ਲਿਖੇ ਅਨੁਸਾਰ ਸ਼ਰਤਾਂ ਲਾਗੂ ਕੀਤੀਆਂ ਗਈਆਂ ਹਨ:-

1. ਇਹ ਛੋਟ ਕੇਵਲ ਉਨ੍ਹਾਂ ਕੇਸਾਂ ਤੇ ਲਾਗੂ ਹੋਵੇਗੀ, ਜਿੱਥੇ ਸਬੰਧਿਤ ਜਾਇਦਾਦਾਂ ਦੀ ਅਲਾਟਮੈਂਟ ਉਪਰੰਤ ਅਲਾਟੀ ਵੱਲੋ ਬੋਲੀ ਦੀ ਰਕਮ ਦਾ ¼ ਹਿੱਸਾ ਜਮ੍ਹਾਂ ਕਰਵਾਇਆ ਗਿਆ ਹੋਵੇ।
2. ਅਲਾਟੀ ਵੱਲੋਂ ਬਕਾਇਆ ਰਹਿੰਦੀ ਰਕਮ ਤੇ ਸਮੇਂ-ਸਮੇਂ ਸਿਰ ਜਾਰੀ ਰੂਲਾਂ ਅਨੁਸਾਰ ਬਣਦੀ ਦਰ (ਸਾਧਾਰਨ ਵਿਆਜ ਤੇ) ਅਤੇ ਰੈਸਟੋਰੇਸ਼ਨ ਚਾਰਜ਼ਿਸ, ਸਾਲ 2025-26 ਦੇ ਰਿਜ਼ਰਵ ਰੇਟ ਦੇ 2.5% ਹਿਸਾਬ ਨਾਲ ਜਮ੍ਹਾਂ ਕਰਵਾ ਕੇ ਆਪਣੀ ਜਾਇਦਾਦ ਨੂੰ ਰੈਗੂਲਰਾਈਜ ਕਰਵਾ ਸਕਣਗੇ। Penalty/ਪੀਨਲ ਵਿਆਜ ਤੇ ਮੁਕੰਮਲ ਛੋਟ ਦਿੱਤੀ ਜਾਂਦੀ ਹੈ।
3. ਅਲਾਟੀ ਵੱਲੋਂ ਇਸ ਪਾਲਿਸੀ ਅਧੀਨ ਲਾਭ ਲੈਣ ਲਈ ਆਪਣੀ ਪ੍ਰਤੀ-ਬੇਨਤੀ ਮਿਤੀ 31.07.2025 ਤੱਕ ਨਗਰ ਸੁਧਾਰ ਟਰੱਸਟ ਨੂੰ ਦਸਤੀ ਜਾਂ ਟਰੱਸਟ ਦੀ e-mail ID: itmoga35@gmail.com ਤੇ ਭੇਜੀ ਜਾ ਸਕਦੀ ਹੈ।
4. ਮਿਤੀ 31.12.2025 ਤੱਕ ਅਲਾਟੀ ਬਕਾਇਆ ਰਹਿੰਦੀ ਰਕਮ ਨਗਰ ਸੁਧਾਰ ਟਰੱਸਟ ਵਿਖੇ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ।
5. ਜਿਨ੍ਹਾਂ ਜਾਇਦਾਦਾਂ ਨੂੰ Resume ਕੀਤਾ ਜਾ ਚੁੱਕਾ ਹੈ, ਉਹਨਾਂ ਕੇਸਾਂ ਤੇ ਇਹ ਪਾਲਿਸੀ ਲਾਗੂ ਨਹੀਂ ਹੋਵੇਗੀ।

ਇਸ ਪਾਲਿਸੀ ਦੀ ਅੰਤਿਮ ਮਿਤੀ 31-12-2025 ਹੈ। ਵਧੇਰੇ ਜਾਣਕਾਰੀ ਲਈ ਟਰੱਸਟ ਦਫ਼ਤਰ ਵਿਖੇ ਕਿਸੇ ਵੀ ਕੰਮ-ਕਾਜ ਵਾਲੇ ਦਿਨ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਨਿੱਜੀ ਤੌਰ ਤੇ ਹਾਜਰ ਹੋ ਕੇ ਸਬੰਧਿਤ ਨਾਲ ਪੁੱਛ-ਗਿੱਛ ਕਰ ਸਕਦਾ ਹੈ।

ਚੇਅਰਮੈਨ,
ਨਗਰ ਸੁਧਾਰ ਟਰੱਸਟ,
ਮੋਗਾ।